Punjabi | ਪੰਜਾਬੀ

NYC Mayor's Office of Immigrant Affairs | ਮੇਅਰ ਦਾ ਆਵਾਸੀ ਮਾਮਲਿਆਂ ਲਈ ਦਫ਼ਤਰ

# ਪ੍ਰਵਾਸੀ ਨਿਊ ਯਾਰਕ ਵਾਸੀਆਂ ਵਾਸਤੇ ਸਰੋਤ

## ਤੁਹਾਡੀ ਪ੍ਰਵਾਸ ਅਵਸਥਾ ਦੀ ਪਰਵਾਹ ਕੀਤੇ ਬਿਨਾਂ, ਨਿਊ ਯਾਰਕ ਸ਼ਹਿਰ ਏਥੇ ਮਦਦ ਕਰਨ ਵਾਸਤੇ ਮੌਜੂਦ ਹੈ।

### ਇਮੀਗ੍ਰੇਸ਼ਨ ਕਾਨੂੰਨੀ ਮਦਦ

**ਮੁਫ਼ਤ ਅਤੇ ਸੁਰੱਖਿਅਤ ਇਮੀਗ੍ਰੇਸ਼ਨ ਕਾਨੂੰਨੀ ਮਦਦ ਲਈ 800-354-0365,** ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 9 ਵਜੇ ਤੋਂ ਸ਼ਾਮ 6 ਵਜੇ ਤੱਕ ਕਾਲ ਕਰੋ।

### NYC ID ਕਾਰਡ

**IDNYC ਲਈ ਅਰਜ਼ੀ ਦਿਓ,** 10 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਸਾਰੇ NYC ਨਿਵਾਸੀਆਂ ਲਈ ਮੁਫ਼ਤ ਮਿਊਂਸਪਲ ਪਛਾਣ ਪੱਤਰ। ਔਨਲਾਈਨ ਰੀਨਿਊ ਕਰੋ ਜਾਂ ਦਾਖਲਾ ਲੈਣ ਲਈ ਅਪਾਇੰਟਮੈਂਟ ਲੈਣ ਲਈ **311 'ਤੇ ਕਾਲ** ਕਰੋ ਜਾਂ nyc.gov/idnyc.

### ਅੰਗਰੇਜ਼ੀ ਦੀਆਂ ਕਲਾਸਾਂ

**ਮੁਫ਼ਤ ਅੰਗਰੇਜ਼ੀ** ਕਲਾਸਾਂ ਲਓ, ਕਿਸੇ ਵੀ ਸਮੇਂ, ਕਿਤੇ ਸੀ। ਹੋਰ ਜਾਣਕਾਰੀ ਲਈ **wespeaknyc.cityofnewyork.us** 'ਤੇ ਜਾਓ।

### ਹੈਲਥਕੇਅਰ

**NYC Health + Hospitals (H+H)** H+H ਐਮਰਜੈਂਸੀ ਦੇਖਭਾਲ, ਮੁੱਢਲੀ ਸਿਹਤ ਸੰਭਾਲ, ਜਾਂਚ, ਟੀਕਾਕਰਨ, ਅਤੇ ਹੋਰ ਬਹੁਤ ਕੁਝ ਪ੍ਰਦਾਨ ਕਰ ਸਕਦਾ ਹੈ। **ਆਪਣੇ ਨਜ਼ਦੀਕੀ ਕੇਂਦਰ 'ਤੇ ਜਾਣ ਲਈ 1-844-NYC-4NYC (1-844-692-4692) 'ਤੇ ਕਾਲ ਕਰੋ।** ਸਿਹਤ ਬੀਮਾ ਯੋਜਨਾਵਾਂ ਵਿੱਚ ਨਾਮ ਦਰਜ ਕਰਵਾਉਣ ਲਈ, **NYC Care** ਪ੍ਰੋਗਰਾਮ ਸਮੇਤ, **646-NYC-CARE (646-692-2273) ਨੂੰ ਕਾਲ ਕਰੋ।** ਜਾਂ **nyccare.nyc** 'ਤੇ ਜਾਓ।

### ਮਾਨਸਿਕ ਸਿਹਤ

ਮਾਨਸਿਕ ਸਿਹਤ ਦੇਖਭਾਲ ਅਤੇ ਨਸ਼ੀਲੇ ਪਦਾਰਥਾਂ ਦੀ ਵਰਤੋਂ ਦੇ ਸਰੋਤਾਂ ਲਈ ਗੁਪਤ ਸਹਾਇਤਾ ਅਤੇ ਕਨੈਕਸ਼ਨਾਂ ਲਈ, **888-692-9355 ਜਾਂ 988 'ਤੇ ਕਾਲ ਕਰੋ, WELL ਨੂੰ 65173 'ਤੇ ਲਿਖੋ** ਜਾਂ **mentalhealthforall.nyc.gov** 'ਤੇ ਜਾਓ।

### ਐਮਰਜੈਂਸੀ

**ਐਮਰਜੈਂਸੀ ਦੀ ਸਥਿਤੀ ਵਿੱਚ, 911 'ਤੇ ਕਾਲ ਕਰੋ।** ਐਮਰਜੈਂਸੀ ਕੋਈ ਵੀ ਸਥਿਤੀ ਹੁੰਦੀ ਹੈ ਜਿਸ ਲਈ ਪੁਲਿਸ, ਫਾਇਰ ਵਿਭਾਗ, ਜਾਂ ਐਂਬੂਲੈਂਸ ਤੋਂ ਤੁਰੰਤ ਸਹਾਇਤਾ ਦੀ ਲੋੜ ਹੁੰਦੀ ਹੈ। **ਕਾਨੂੰਨ ਅਨੁਸਾਰ, ਨਿਊਯਾਰਕ ਸਿਟੀ ਪੁਲਿਸ ਵਿਭਾਗ ਅਪਰਾਧ ਪੀੜਤਾਂ, ਗਵਾਹਾਂ, ਜਾਂ ਮਦਦ ਮੰਗਣ ਵਾਲੇ ਹੋਰ ਲੋਕਾਂ ਦੀ ਇਮੀਗ੍ਰੇਸ਼ਨ ਸਥਿਤੀ ਬਾਰੇ ਨਹੀਂ ਪੁੱਛ ਸਕਦਾ।**

### ਪਬਲਿਕ ਸਿੱਖਿਆ

**4 ਸਾਲ ਤੋਂ 21 ਸਾਲ ਦੇ ਸਾਰੇ NYC ਬੱਚੇ ਪਬਲਿਕ ਸਕੂਲ ਜਾ ਸਕਦੇ ਹਨ।** ਦਾਖਲਾ ਲੈਣ ਲਈ, **schools.nyc.gov/fwc 'ਤੇ ਜਾਓ** ਜਾਂ **311** 'ਤੇ ਕਾਲ ਕਰੋ।

### ਆਮ ਸ਼ਹਿਰ ਦੇ ਸਰੋਤ ਅਤੇ ਜਾਣਕਾਰੀ

ਸ਼ਹਿਰ ਦੇ ਸਰੋਤਾਂ ਤੱਕ ਪਹੁੰਚ ਕਰਨ ਦੀ ਲੋੜ ਹੈ ਜਾਂ ਕਿਸੇ ਸਮੱਸਿਆ ਦੀ ਰਿਪੋਰਟ ਕਰਨਾ ਚਾਹੁੰਦੇ ਹੋ? **311 ਨੂੰ ਕਾਲ** ਕਰੋ ਜਾਂ **portal.311.nyc.gov** 'ਤੇ ਜਾਓ।

### NYC ਇਮੀਗ੍ਰੈਂਟ ਅਫੇਅਰਜ਼ ਹੌਟਲਾਈਨ

ਸਾਡੀ ਹੌਟਲਾਈਨ ਨੂੰ **212-788-7654** 'ਤੇ ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਕਾਲ ਕਰੋ, ਜਾਂ ਸਾਨੂੰ **askmoia@cityhall.nyc.gov** 'ਤੇ ਈਮੇਲ ਕਰੋ।

Mayor's Office of Immigrant Affairs | ਮੇਅਰ ਦਾ ਆਵਾਸੀ ਮਾਮਲਿਆਂ ਲਈ ਦਫ਼ਤਰ

NYC

# ਪ੍ਰਵਾਸੀ ਨਿਊ ਯਾਰਕ ਵਾਸੀਆਂ ਵਾਸਤੇ ਸਰੋਤ

## ਭਾਵੇਂ ਤੁਹਾਡੀ ਇੰਮੀਗ੍ਰੇਸ਼ਨ ਸਥਿਤੀ ਕੋਈ ਵੀ ਹੋਵੇ, ਤੁਹਾਡੇ ਕੋਲ ਅਧਿਕਾਰ ਹਨ।

### ਇਮੀਗ੍ਰੇਸ਼ਨ ਧੋਖਾਧੜੀ ਤੋਂ ਬਚੋ

ਜੇਕਰ ਤੁਹਾਨੂੰ ਇਮੀਗ੍ਰੇਸ਼ਨ ਕਾਨੂੰਨੀ ਸਲਾਹ ਦੀ ਲੋੜ ਹੈ, ਤਾਂ ਸਿਰਫ਼ ਲਾਇਸੰਸਸ਼ੁਦਾ ਅਟਾਰਨੀ ਜਾਂ ਕਿਸੇ ਮਾਨਤਾ ਪ੍ਰਾਪਤ ਪ੍ਰਤੀਨਿਧੀ ਕੋਲ ਜਾਓ। ਤੁਸੀਂ **nyc.gov/immigrants** 'ਤੇ ਅਧਕਾਰਿਤ ਅਤੇ ਮਾਨਤਾ ਪ੍ਰਾਪਤ ਪ੍ਰਦਾਤਾਵਾਂ ਦੀ ਸੂਚੀ ਲੱਭ ਸਕਦੇ ਹੋ।

### ਇਮੀਗ੍ਰੇਸ਼ਨ ਇਨਫੋਰਸਮੈਂਟ ਦੇ ਨਾਲ ਅਧਿਕਾਰ

NYC ਇਮੀਗ੍ਰੇਸ਼ਨ ਸਬੰਧੀ ਤਾਮੀਲ ਦਾ ਸੰਚਾਲਨ ਨਹੀਂ ਕਰਦੀ। ਜੇ ਤੁਹਾਡੇ ਕੋਲ ਫੈਡਰਲ ਇਮੀਗ੍ਰੇਸ਼ਨ ਦੀ ਤਾਮੀਲ ਕਰਵਾਉਣ ਵਾਲੀ ਸੰਸਥਾ ਦੁਆਰਾ ਪਹੁੰਚ ਕੀਤੀ ਜਾਂਦੀ ਹੈ, ਤਾਂ ਤੁਹਾਡੇ ਕੋਲ ਅਧਿਕਾਰ ਹਨ। **nyc.gov/knowyourrights** 'ਤੇ ਜਾਓ ਜਾਂ **800-354-0365** 'ਤੇ ਸਾਡੀ ਮੁਫ਼ਤ ਇਮੀਗ੍ਰੇਸ਼ਨ ਕਾਨੂੰਨੀ ਹੌਟਲਾਈਨ 'ਤੇ ਕਾਲ ਕਰੋ।

### ਕਰਮਚਾਰੀਆਂ ਦੇ ਅਧਿਕਾਰ

ਤੁਹਾਨੂੰ ਨਿਊਯਾਰਕ ਸਿਟੀ ਦੇ ਕਾਨੂੰਨ ਅਧੀਨ ਬੀਮਾਰ ਛੁੱਟੀ, ਘੱਟੋ-ਘੱਟ ਉਜਰਤ, ਓਵਰਟਾਈਮ ਤਨਖਾਹ ਅਤੇ ਹੋਰ ਬਹੁਤ ਕੁਝ ਦਾ ਭੁਗਤਾਨ ਕਰਨ ਦਾ ਅਧਿਕਾਰ ਹੈ। ਸਰੋਤਾਂ ਲਈ **nyc.gov/workers** 'ਤੇ ਜਾਓ ਜਾਂ **212-436-0381** 'ਤੇ ਕਾਲ ਕਰੋ।

### ਵਿਤਕਰੇ ਦੀ ਰਿਪੋਰਟ ਕਰੋ

NYC ਮਨੁੱਖੀ ਅਧਿਕਾਰ ਕਾਨੂੰਨ ਦੇ ਤਹਿਤ ਪਰੇਸ਼ਾਨੀ ਅਤੇ ਵਿਤਕਰਾ ਗੈਰ-ਕਾਨੂੰਨੀ ਹੈ। ਵਿਤਕਰੇ ਦੀ ਘਟਨਾ ਦੀ ਰਿਪੋਰਟ ਕਰਨ ਲਈ, ਕਿਰਪਾ ਕਰਕੇ **212-416-0197** ਨੂੰ ਕਾਲ ਕਰੋ।

### ਘਰੇਲੂ ਹਿੰਸਾ ਵਿਰੁੱਧ ਸੁਰੱਖਿਆ

ਜੇਕਰ ਤੁਸੀਂ ਦੁਰਵਿਵਹਾਰ ਦਾ ਅਨੁਭਵ ਕਰ ਰਹੇ ਹੋ ਤਾਂ NYC ਤੁਹਾਡੀ ਮਦਦ ਕਰਨ ਲਈ ਮੌਜੂਦ ਹੈ। ਤੁਸੀਂ **nyc.gov/nychope** 'ਤੇ ਜਾ ਸਕਦੇ ਹੋ ਜਾਂ NYC ਦੀ ਘਰੇਲੂ ਹਿੰਸਾ ਹੌਟਲਾਈਨ ਨੂੰ **800-621-HOPE** 'ਤੇ ਕਾਲ ਕਰ ਸਕਦੇ ਹੋ।

### ਕਿਰਾਏਦਾਰ ਦੇ ਅਧਿਕਾਰ

ਬੇਦਖਲੀ ਜਾਂ ਤੁਹਾਡੇ ਮਕਾਨ ਮਾਲਕ ਨਾਲ ਸਬੰਧਤ ਕਿਸੇ ਵੀ ਮੁੱਦੇ ਲਈ ਮਦਦ ਦੀ ਲੋੜ ਹੈ? ਮੁਫ਼ਤ ਕਾਨੂੰਨੀ ਮਦਦ ਲਈ **nyc.gov/tenantprotection** 'ਤੇ ਜਾਓ ਜਾਂ **311** 'ਤੇ ਕਾਲ ਕਰੋ ਅਤੇ **"tenant helpline"** ਕਹੋ।

### ਸ਼ਰਣ ਦਾ ਅਧਿਕਾਰ

ਜੇਕਰ ਤੁਸੀਂ ਬੇਘਰ ਹੋਣ ਦਾ ਅਨੁਭਵ ਕਰ ਰਹੇ ਹੋ ਤਾਂ ਤੁਹਾਨੂੰ ਸ਼ਰਣ ਲਈ ਬੇਨਤੀ ਕਰਨ ਦਾ ਅਧਿਕਾਰ ਹੈ। ਮਨੋਨੀਤ ਡਿਪਾਰਟਮੈਂਟ ਆਫ਼ ਹੋਮਲੈੱਸ ਸਰਵਿਸਿਜ਼ (Department of Homeless Services, DHS) ਇਨਟੇਕ ਸੈਂਟਰ 'ਤੇ ਜਾ ਕੇ ਸ਼ਰਣ ਸੇਵਾਵਾਂ ਤੱਕ ਪਹੁੰਚ ਕਰੋ। **311** 'ਤੇ ਕਾਲ ਕਰਕੇ ਹੋਰ ਜਾਣੋ।

### ਉਪਭੋਗਤਾ ਸੁਰੱਖਿਆ

ਕਿਸੇ ਕਾਰੋਬਾਰ ਸਬੰਧੀ ਕੋਈ ਸਮੱਸਿਆ ਹੈ? ਇੱਕ ਉਪਭੋਗਤਾ ਵਜੋਂ, ਤੁਹਾਡੇ ਕੋਲ ਅਧਿਕਾਰ ਹਨ। **nyc.gov/consumers** 'ਤੇ ਜਾ ਕੇ ਸ਼ਿਕਾਇਤ ਦਰਜ ਕਰੋ ਜਾਂ **311** 'ਤੇ ਕਾਲ ਕਰੋ।